# ਨਗਰ ਨਿਗਮ ਲੁਧਿਆਣਾ

"ਸਵੈ-ਘੋਸ਼ਿਤ ਪਾਰਦਰਸ਼ੀ ਪ੍ਰਾਪਰਟੀ ਟੈਕਸ"

2013-2014

ਸਥਾਨਕ ਸਰਕਾਰ ਵੱਲੋਂ ਟੈਕਸ ਪ੍ਰਣਾਲੀ ਨੂੰ ਸਰਲ ਕਰਨ ਲਈ ਅਤੇ ਇੰਸਪੈਕਟਰੀ ਰਾਜ ਨੂੰ ਖਤਮ ਕਰਨ ਦਾ ਉਪਰਾਲਾ ਕਰਦੇ ਹੋਏ ਸ਼ਹਿਰ ਵਿੱਚ ਹਾਊਸ ਟੈਕਸ ਦੀ ਥਾਂ ਤੇ ਸਵੈ-ਘੋਸ਼ਿਤ ਪ੍ਰਾਪਰਟੀ ਟੈਕਸ ਲਾਗੂ ਕੀਤਾ ਗਿਆ ਹੈ। ਇਸ ਪ੍ਰਾਪਰਟੀ ਟੈਕਸ ਹੇਠ ਲਿਖੇ ਵੇਰਵੇ ਅਨੁਸਾਰ ਸਾਲ ਵਿੱਚ ਇੱਕ ਵਾਰ (ਇੱਕ ਮੁਸ਼ਤ) ਸਲਾਨਾ ਦੇਣਾ ਹੋਵੇਗਾ:-

**ਟੈਕਸ ਕੈਲਕੁਲੇਟ ਕਰਨ ਦਾ ਫਾਰਮੂਲਾ**

ਪਲਾਟ ਦੀ ਕੀਮਤ = ਕੁੱਲ ਪਲਾਟ ਦਾ ਏਰੀਆ x ਮੌਜੂਦਾ ਕੁਲੈਕਟਰ ਰੇਟ
ਉਸਾਰੀ ਦੀ ਕੀਮਤ = ਕਵਰਡ ਏਰੀਆ (ਵ: ਫੁੱਟ) x 500 (ਪੱਕਾ), 300 (ਅੱਧ ਪੱਕਾ) ਜਾਂ 100 (ਕੱਚਾ) (-) 10% ਡੈਪਰੀਸੀਏਸ਼ਨ
ਸਲਾਨਾ ਰੇਟਏਬਲ ਵੈਲਿਯੂ (ਏ.ਆਰ.ਵੀ)= ਪਲਾਟ ਦੀ ਕੀਮਤ ਦਾ 5% + ਉਸਾਰੀ ਦੀ ਕੀਮਤ ਦਾ 5%

## 1. ਰਿਹਾਇਸ਼ੀ ਬਿਲਡਿੰਗ

| | | | |
|---|---|---|---|
| **ਸਵੈ ਕਾਬਜ** | | | |
| 50 ਗਜ ਤੱਕ (ਬਿਲਟ ਅਪ ਏਰੀਆ 450 ਵਰਗ ਫੁੱਟ) | 50 ਤੋਂ 100 ਗਜ ਤੱਕ (ਬਿਲਟ ਅਪ ਏਰੀਆ 900 ਵਰਜ ਫੁੱਟ) | 100 ਤੋਂ 500 ਗਜ ਤੱਕ | 500 ਗਜ ਤੋਂ ਵੱਧ |
| 50 ਰੁ: | 150 ਰੁ: | ਨਿਰਧਾਰਤ ਕੁਲੈਕਟਰ ਰੇਟ ਦੇ ਅਧਾਰ ਤੇ ਸਲਾਨਾ ਵਲਯੂ ਦਾ 0.5 % | ਨਿਰਧਾਰਤ ਕੁਲੈਕਟਰ ਰੇਟ ਦੇ ਅਧਾਰ ਤੇ ਸਲਾਨਾ ਵਲਯੂ ਦਾ 1% |
| **ਕਿਰਾਏ ਤੇ ਦਿੱਤੀ ਗਈ ਬਿਲਡਿੰਗ** | | | |
| ਇਨ੍ਹਾ ਬਿਲਡਿੰਗਾਂ ਤੇ ਪਹਿਲਾਂ ਲੱਗਦੇ 10% ਦੀ ਥਾਂ ਤੇ ਸਲਾਨਾ ਰੇਟਏਬਲ ਵੈਲਿਯੂ ਦਾ 3% ਪ੍ਰਾਪਰਟੀ ਟੈਕਸ ਲੱਗੇਗਾ | | | |

## 2. ਗੈਰ ਰਿਹਾਇਸ਼ੀ ਬਿਲਡਿੰਗ

**ਸਵੈ ਕਾਬਜ**

ਇਨ੍ਹਾ ਬਿਲਡਿੰਗਾਂ ਤੇ ਪਹਿਲਾਂ ਲੱਗਦੇ 15% ਹਾਊਸ ਟੈਕਸ ਦੀ ਥਾਂ ਸਲਾਨਾ ਰੇਟਏਬਲ ਵੈਲਿਯੂ ਦਾ 3% ਪ੍ਰਾਪਰਟੀ ਟੈਕਸ ਲੱਗੇਗਾ।

**ਕਿਰਾਏ ਤੇ ਦਿੱਤੀ ਗਈ ਬਿਲਡਿੰਗ**

ਇਨ੍ਹਾ ਬਿਲਡਿੰਗਾਂ ਤੇ ਪਹਿਲਾਂ ਲੱਗਦੇ 15% ਹਾਊਸ ਟੈਕਸ ਦੀ ਥਾਂ ਸਲਾਨਾ ਰੇਟਏਬਲ ਵੈਲਿਯੂ ਦਾ 10% ਪ੍ਰਾਪਰਟੀ ਟੈਕਸ ਲੱਗੇਗਾ।

**ਖਾਲੀ ਪਲਾਟ / ਗੈਰ ਉਤਪਾਦਕ**

ਇਨ੍ਹਾ ਬਿਲਡਿੰਗਾਂ ਦੀ ਰੇਟੇਬਲ ਵੈਲਿਯੂ ਤੇ ਸਿਰਫ ਸਲਾਨਾ ਰੇਟਏਬਲ ਵੈਲਿਯੂ ਦਾ 0.20% ਪ੍ਰਾਪਰਟੀ ਟੈਕਸ ਲੱਗੇਗਾ।

## 3. ਉਦਯੋਗਿਕ ਬਿਲਡਿੰਗਾ (ਸਵੈ ਕਾਬਜ)

ਇਨ੍ਹਾ ਬਿਲਡਿੰਗਾਂ ਤੇ ਪਹਿਲਾਂ ਲੱਗਦੇ 15% ਹਾਊਸ ਟੈਕਸ ਦੀ ਥਾਂ ਸਲਾਨਾ ਰੇਟਏਬਲ ਵੈਲਿਯੂ ਦਾ 1.5% ਪ੍ਰਾਪਰਟੀ ਟੈਕਸ ਲੱਗੇਗਾ।

ਜੇਕਰ ਕਿਸੇ ਏਰਿਆ/ਕਾਲੋਨੀ ਦਾ ਉਦਯੋਗਿਕ ਕੁਲੈਕਟਰ ਰੇਟ ਡਿਕਲੇਅਰ ਨਹੀ ਹੈ ਤੱਦ ਉਸ ਸਥਿਤੀ ਵਿੱਚ ਗੈਰ-ਰਿਹਾਇਸ਼ੀ ਕੁਲੈਕਟਰ ਰੇਟ ਦਾ 75% ਰੇਟ ਲੱਗੇਗਾ।

**ਮਲਟੀਸਟੋਰੀ ਬਿਲਡਿੰਗਾਂ ਲਈ ਜਮੀਨ ਦੀ ਕੀਮਤ ਲਗਾਉਣ ਦਾ ਫਾਰਮੁੱਲਾ**

| ਮਲਟੀਸਟੋਰੀ ਬਿਲਡਿੰਗ (ਸ਼ੋਰੂਮ, ਐਸ.ਸੀ.ਓ, ਐਸ.ਸੀ.ਐਫ ਵਾਸਤੇ | ਗਰੁੱਪ ਹਾਊਸਿੰਗ ਬਿਲਡਿੰਗ/ਫਲੈਟ | ਮਾਲ, ਮਲਟੀਪਲੈਕਸ ਅਤੇ ਇਸ ਤਰ੍ਹਾਂ ਦੇ ਹੋਰ |
|---|---|---|
| ਬੇਸਮੈਂਟ ਲਈ ਕੁਲੈਕਟਰ ਰੇਟ ਦਾ 20%, ਗਰਾਊਂਡ ਫਲੌਰ ਲਈ 100%, ਲੋਅਰ ਗਰਾਊਂਡ ਫਲੌਰ ਲਈ 75%, ਅਪਰ ਗਰਾਂਊਂਡ ਫਲੋਰ ਲਈ 75%, ਪਹਿਲੀ ਮੰਜਿਲ ਲਈ 60%, ਦੂਜੀ ਮੰਜਿਲ ਲਈ 30% ਅਤੇ ਬਾਕੀ ਹੋਰ ਵਾਸਤੇ 30% ਦੇ ਹਿਸਾਬ ਨਾਲ ਜਮੀਨ ਦੀ ਕੀਮਤ ਦੀ ਗਣਨਾ ਕੀਤੀ ਜਾਵੇ । | ਹਰ ਇੱਕ ਮੰਜਿਲ ਤੇ ਹਰ ਇੱਕ ਯੂਨਿਟ ਵਾਸਤੇ ਕੁਲੈਕਟਰ ਰੇਟ ਦਾ 100% ਦੇ ਹਿਸਾਬ ਨਾਲ ਜਮੀਨ ਦੀ ਕੀਮਤ ਦੀ ਗਣਨਾ ਕੀਤੀ ਜਾਵੇ । | ਹਰ ਇੱਕ ਮੰਜਿਲ ਤੇ ਹਰ ਇੱਕ ਯੂਨਿਟ ਵਾਸਤੇ ਕੁਲੈਕਟਰ ਰੇਟ ਦਾ 100% ਦੇ ਹਿਸਾਬ ਨਾਲ ਜਮੀਨ ਦੀ ਕੀਮਤ ਦੀ ਗਣਨਾ ਕੀਤੀ ਜਾਵੇ । |

ਇਸ ਪ੍ਰਾਪਰਟੀ ਟੈਕਸ ਵਿੱਚ ਹੇਠ ਲਿਖੀਆਂ ਸ਼੍ਰੇਣੀਆਂ ਨੂੰ ਛੋਟ ਦਿੱਤੀ ਗਈ ਹੈ:-

- ਧਾਰਮਿਕ ਜਗ੍ਹਾ, ਸ਼ਮਸ਼ਾਨ ਘਾਟ, ਗਊਸ਼ਾਲਾ, ਇਤਿਹਾਸਿਕ ਬਿਲਡਿੰਗ, ਰਜਿਸਟਰਡ ਚੈਰੀਟੇਬਲ ਸੰਸਥਾ, ਸਰਕਾਰੀ ਸਕੂਲ, ਸਰਕਾਰੀ ਕਾਲੇਜ, ਸਰਕਾਰੀ ਹਸਪਤਾਲ, ਖੇਤੀਬਾੜੀ ਅਤੇ ਬਾਗਬਾਨੀ ਲਈ ਵਰਤੀ ਜਾ ਰਹੀ ਜਗ੍ਹਾ।
- ਸਤੰਤਰਤਾ ਸੈਨਾਨੀ ਜਿਨ੍ਹਾਂ ਨੂੰ ਕੇਂਦਰ ਜਾਂ ਰਾਜ ਸਰਕਾਰ ਵੱਲੋਂ ਪੈਨਸ਼ਨ ਪ੍ਰਾਪਤ ਹੁੰਦੀ ਹੈ।
- ਬੀ.ਪੀ.ਐਲ. ਕਾਰਡ ਹੋਲਡਰ।
- ਫੋਜ (ਜਲ, ਥਲ ਜਾਂ ਵਾਯੂ ਸੈਨਾ) ਵਿੱਚ ਕੰਮ ਕਰ ਰਹੇ ਜਾਂ ਸੇਵਾ ਮੁਕਤ ਵਿਅਕਤੀ।

**ਆਸ਼ਿੰਕ ਛੋਟ**

- ਵਿਧਵਾ ਅਤੇ ਅਪੰਗ ਵਿਆਕਤੀ (ਜਿਨ੍ਹਾ ਨੂੰ ਇਨਕਮ ਟੈਕਸ ਐਕਟ, 1961 ਦੇ ਸ਼ੈਕਸ਼ਨ 80 ਯੂ ਅਧੀਨ ਲਾਭ ਪ੍ਰਾਪਤ ਹੈ) ਨੂੰ 5000/- ਤੱਕ ਦੀ ਪ੍ਰਾਪਰਟੀ ਟੈਕਸ ਛੋਟ।
- ਵਿਦਿਅਕ ਸੰਸਥਾਵਾਂ ਜੋ ਸਰਕਾਰ ਜਾਂ ਸਰਕਾਰੀ ਸਹਾਇਤਾਂ ਪ੍ਰਾਪਤ ਨਹੀ ਹਨ, ਨੂੰ 50% ਛੋਟ।

**ਪ੍ਰਾਪਰਟੀ ਟੈਕਸ ਹੇਠ ਲਿਖੇ ਤਰੀਕੇ ਅਨੁਸਾਰ ਭਰਿਆ ਜਾ ਸਕਦਾ ਹੈ**

1. ਆਨ ਲਾਇਨ ਪ੍ਰਾਪਰਟੀ ਟੈਕਸ ਭਰਨ ਕਰਨ ਲਈ ਆਪ www.mcludhiana.gov.in ਤੇ ਲਾਗ-ਆਨ ਕਰ ਸਕਦੇ ਹੋ।
2. ਨਗਰ ਨਿਗਮ ਵਿਚ ਸਥਾਪਤ ਜੋਨਲ,ਸਬ ਜੋਨਲ ਸੁਵਿਧਾ ਕੇਂਦਰਾਂ ਅਤੇ HDFC Bank (10 Branches) ਵਿੱਚ ਭਰ ਸਕਦੇ ਹੋ।
3. ਰਜਿਸਟਰਡ ਪੋਸਟ ਰਾਹੀ ਸੁਪਰਡੰਟ, ਹੈੱਡ ਕੁਆਰਟਰ (ਪ੍ਰਾਪਰਟੀ ਟੈਕਸ) ਦੇ ਕਮਰਾ ਨੰ: 14, ਜੋਨ-ਡੀ, ਸਰਾਭਾ ਨਗਰ, ਨਗਰ ਨਿਗਮ ਲੁਧਿਆਣਾ ਵਿੱਚ ਭੇਜ ਸਕਦੇ ਹੋ ।
4. ਇਸ ਸਬੰਧੀ ਹੋਰ ਜਾਣਕਾਰੀ ਆਪ ਨਗਰ ਨਿਗਮ ਦੇ ਜੋਨਲ ਪ੍ਰਾਪਰਟੀ ਟੈਕਸ ਵਿਭਾਗ ਨਾਲ ਸਪੰਰਕ ਕਰ ਸਕਦੇ ਹੋ ਅਤੇ ਨਗਰ ਨਿਗਮ ਦੀ ਵੈਬਸਾਇਟ www.mcludhiana.gov.in ਤੇ ਵੀ ਲੈ ਸਕਦੇ ਹੋ।

**ਅਪੀਲ**

**ਨਗਰ ਨਿਗਮ ਵਲੋ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਅਪਣੀ ਸੈਲਫ ਅਸੈਸਮੈਂਟ ਪ੍ਰਾਪਰਟੀ ਰਿਟਰਨ ਜਲਦ ਤੋਂ ਜਲਦ ਭਰਣ**

ਮੇਅਰ,
ਨਗਰ ਨਿਗਮ, ਲੁਧਿਆਣਾ

ਕਮਿਸ਼ਨਰ,
ਨਗਰ ਨਿਗਮ, ਲੁਧਿਆਣਾ ।